39

# ਰਾਜਾ ਅਤੇ ਉਸ ਦੇ ਰਾਜਦੂਤ

## ਮੱਤੀ 10, ਇਕ ਨੇੜ ਝਾਤ

ਮੱਤੀ ਦੀ ਕਿਤਾਬ ਵਿਚ ਜ਼ੋਰ ਰਾਜੇ ਅਤੇ ਉਸ ਦੇ ਰਾਜ ਤੇ ਦਿੱਤਾ ਗਿਆ ਹੈ।[1] ਸਾਡੇ ਅਧਿਐਨ ਵਿਚ ਇੱਥੋਂ ਤਕ ਮੱਤੀ ਨੇ ਪੂਰੀ ਹੋਈ ਨਬੂਵਤ ਅਤੇ ਸਮਰੱਥ ਦੇ ਮੋਅਜਜ਼ਿਆਂ ਦਾ ਜ਼ਿਰਕ ਕਰਦਿਆਂ ਰਾਜੇ ਦੀਆਂ ਸਿਫ਼ਾਰਸ਼ਾਂ ਤੇ ਜ਼ੋਰ ਦਿੱਤਾ ਹੈ।

ਪਰ ਮੱਤੀ 9 ਅਧਿਆਇ ਦੇ ਅਖ਼ੀਰ ਵਿਚ, ਰਾਜੇ ਯਿਸੂ ਦੀ ਇਕ ਲੋੜ ਸੀ। ਉਹ ''ਉਨ੍ਹਾਂ ਦੀਆਂ ਸਮਾਜਾਂ ਵਿਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖੁਸ਼ਖ਼ਬਰੀ ਦਾ ਪਰਚਾਰ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿਚ ਫਿਰ'' (9:35) ਰਿਹਾ ਸੀ। ਉਸ ਦੀ ਹਮਦਰਦੀ ਲੋਕਾਂ ਲਈ ਸੀ (9:36); ਪਰ ਫ਼ਸਲ ਵਾਢੀ ਲਈ ਤਿਆਰ ਹੋਣ ਦੇ ਬਾਵਜੂਦ ਮਜ਼ਦੂਰ ਥੋੜ੍ਹੇ ਸਨ (9:37)। ਮਸੀਹ ਵਾਢੀ ਦਾ ਕੰਮ ਇਕੱਲਾ ਨਹੀਂ ਕਰ ਸਕਦਾ ਸੀ; ਉਸ ਨੂੰ ਮਦਦ ਦੀ ਲੋੜ ਸੀ। ਖ਼ਬਰੀ ਪਹੁੰਚਾਉਣ ਵਿਚ ਮਦਦ ਲਈ ਉਸ ਨੇ ਬਾਰਾਂ ਖ਼ਾਸ ਦੂਤਾਂ ਦੀ ਚੋਣ ਕੀਤੀ (10:2–4)।[2]

ਮੱਤੀ ਦਾ ਅਧਿਆਇ 10 ਯਿਸੂ ਦੇ ਗਲੀਲ ਵਿਚ ਪ੍ਰਚਾਰ ਕਰਨ ਲਈ ਰਸੂਲਾਂ ਨੂੰ ਭੇਜਣ ਦਾ ਬਿਰਤਾਂਤ ਹੈ। ਬੁਨਿਆਦੀ ਤੌਰ ਤੇ ਇਸ ਵਿਚ ਓਨ੍ਹਾਂ ਨੂੰ ਦਿੱਤੀਆਂ ਯਿਸੂ ਦੀਆਂ ਹਦਾਇਤਾਂ ਦਾ ਵਰਨਣ ਹੈ (ਵੇਖੋ ਮੱਤੀ 10:5; 11:1)। ਉਨ੍ਹਾਂ ਵਿੱਚੋਂ ਬਹੁਤੀਆਂ ਹਦਾਇਤਾਂ ਉਸ ਖ਼ਾਸ ਦੌਰੇ ਨਾਲ ਸਬੰਧਿਤ ਹੈ। ਉਦਾਹਰਣ ਲਈ, ਉਨ੍ਹਾਂ ਬਾਰ੍ਹਾਂ ਨੂੰ ਸਿਰਫ਼ ਯਹੂਦੀਆਂ ਕੋਲ ਜਾਣ ਲਈ ਕਿਹਾ ਗਿਆ ਸੀ, ਪਰਾਈਆਂ ਕੌਮਾਂ ਜਾਂ ਸਾਮਰੀਆਂ ਕੋਲ ਨਹੀਂ (10:5, 6)।

ਹੋਰ ਨੇੜਿਓਂ ਵੇਖਣ ਤੇ ਪਤਾ ਲਗਦਾ ਹੈ ਕਿ ਪ੍ਰਭੂ ਉਨ੍ਹਾਂ ਨੂੰ ਬਾਅਦ ਦੇ ਸਮੇਂ ਅਰਥਾਤ ਆਪਣੇ ਸੁਰਗ ਵਿਚ ਉਠਾਏ ਦੇ ਬਾਅਦ ਵਾਸਤੇ ਤਿਆਰ ਕਰ ਰਿਹਾ ਸੀ, ਜਦੋਂ ਓਨ੍ਹਾਂ ਨੇ ਧਰਤੀ ਤੇ ਉਸ ਦੇ ਨੁਮਾਇੰਦਿਆਂ ਦੇ ਰੂਪ ਵਿਚ ਕੰਮ ਕਰਨਾ ਸੀ। ਯਿਸੂ ਨੇ ਉਨ੍ਹਾਂ ਨੂੰ ਉਹਦੇ ਲਈ ''ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜ਼ਰ'' ਅਤੇ ''ਪਰਾਈਆਂ ਕੌਮਾਂ ਉੱਤੇ ਸਾਖੀ'' ਦੇਣ ਲਈ ਆਖਿਆ (ਆਇਤ 18)। ਇਹ ਇਸ ਦੌਰੇ ਵਿਚ ਨਹੀਂ ਹੋਇਆ ਜਿਸ ਵਿਚ ਉਹ ਪਰਾਈਆਂ ਕੌਮਾਂ ਲਈ ਕਿਹਾ ਗਿਆ ਸੀ। ਨਬੂਵਤ ਦੀ ਇਹ ਗੱਲ ਰਸੂਲਾਂ ਦੇ ਕੰਮ ਵਿਚ ਲਿਖੀਆਂ ਘਟਨਾਵਾਂ ਵੇਲੇ ਪੂਰੀ ਹੋਈ (ਉਦਾਹਰਣ ਲਈ ਵੇਖੋ ਅਧਿਆਇ 23 ਤੋਂ 26)। ਹੋਰ ਸ਼ਬਦਾਂ ਵਿਚ ਰਸੂਲਾਂ ਲਈ ਯਿਸੂ ਦੀਆਂ ਹਦਾਇਤਾਂ ਫੌਰੀ ਚੁਣੌਤੀ ਨਹੀਂ ਸੀ।

ਅਧਿਆਇ 10 ਵਿਚ ਸਾਡੇ ਲਈ ਵੀ ਸ਼ਬਦ ਹੈ। ਇਸ ਸਰਮਨ ਵਿਚ ਮੈਂ ਇਸ ਅਧਿਆਇ ਦੀਆਂ ਸਭ ਗੱਲਾਂ ਨੂੰ ਸ਼ਾਮਿਲ ਨਹੀਂ ਕਰ ਸਕਿਆ, ਪਰ ਮੈਂ ਇਸ ਵਿਚ ਬੀਤੇ ਸਮੇਂ ਦੇ ਰਾਜਦੂਤਾਂ ਅਤੇ ਮੌਜੂਦਾ ਰਾਜਦੂਤਾਂ ਤੇ ਵਿਚਾਰ ਕਰਨ ਦਾ ਚਾਹਵਾਨ ਜ਼ਰੂਰ ਹਾਂ।

### ਬੀਤੇ ਸਮੇਂ ਦੇ ਰਾਜਦੂਤ

ਆਓ ਬੀਤੇ ਸਮੇਂ ਦੇ ਰਾਜਦੂਤਾਂ ਵਿੱਚੋਂ ਭਾਵ ਕਿਸੇ ਸਮੇਂ ਮਸੀਹ ਦੇ ਖਾਸ ਦੂਤਾਂ ਨਾਲ ਸ਼ੁਰੂ ਕਰਦੇ ਹਾਂ।[3] ਇਨ੍ਹਾਂ ਨੂੰ ''ਰਸੂਲ'' ਆਖਿਆ ਜਾਂਦਾ ਸੀ (ਆਇਤ 2)। ਇਸ ਦਾ ਅੰਗ੍ਰੇਜ਼ੀ ਸ਼ਬਦ ''apostle''

ਯੂਨਾਨੀ ਸ਼ਬਦ ਦਾ ਬਦਲਵਾਂ ਰੂਪ ਹੈ, ਜਿਸ ਦਾ ਸ਼ਬਦੀ ਅਰਥ ''ਘੱਲਿਆ ਹੋਇਆ'' ਹੈ। ਇਸ ਸ਼ਬਦ ਦੀ ਵਰਤੋਂ ਭੇਜਿਆ ਹੋਇਆ ਆਖਣ ਲਈ ਆਮ ਅਰਥ ਵਿਚ ਅਤੇ ਪ੍ਰਭੂ ਵੱਲੋਂ ਭੇਜਿਆ ਹੋਇਆ ਆਖਣ ਲਈ ਖ਼ਾਸ ਅਰਥ ਵਿਚ ਕੀਤੀ ਜਾਂਦੀ ਹੈ (2 ਕੁਰਿੰਥੀਆਂ 8:23; ਫ਼ਿਲਿੱਪੀਆਂ 2:25), ਪਰ ਇਹ ਬਾਰ੍ਹਾਂ ਜਣੇ ਖ਼ਾਸ ਹੀ ਸਨ। ਉਨ੍ਹਾਂ ਵਿਚ ਖ਼ਾਸ ਗੁਣ ਹੋਣੇ ਜ਼ਰੂਰੀ ਸਨ (ਵੇਖੋ ਰਸੂਲਾਂ ਦੇ ਕੰਮ 1:21, 22; 1 ਕੁਰਿੰਥੀਆਂ 9:1; ਅਫ਼ਸੀਆਂ 4:11)। ਇਹ ਕੋਈ ਗੱਦੀ ਨਹੀਂ ਸੀ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੌਂਪੀ ਜਾ ਸਕਦੀ ਹੋਵੇ।[4] ਇਨ੍ਹਾਂ ਖ਼ਾਸ ਦੂਤਾਂ ਦੀ ਸੂਚੀ 2 ਤੋਂ 4 ਆਇਤਾਂ ਵਿਚ ਦਿੱਤੀ ਗਈ ਹੈ:

> ਬਾਰਾਂ ਰਸੂਲਾਂ ਦੇ ਏਹ ਨਾਉਂ ਹਨ। ਪਹਿਲਾ ਸ਼ਮਊਨ ਜਿਹੜਾ ਪਤਰਸ ਕਹਾਉਂਦਾ ਹੈ ਅਤੇ ਉਹ ਦਾ ਭਰਾ ਅੰਦ੍ਰਿਯਾਸ ਅਤੇ ਜ਼ਬਦੀ ਦਾ ਪੁੱਤਰ ਯਾਕੂਬ ਅਤੇ ਉਹ ਦਾ ਭਰਾ ਯਹੂੰਨਾ। ਫ਼ਿਲਿੱਪੁਸ ਅਤੇ ਬਰਥੁਲਮਈ, ਥੋਮਾ ਅਤੇ ਮੱਤੀ ਮਸੂਲੀਆ, ਹਲਫ਼ਈ ਦਾ ਪੁੱਤਰ ਯਾਕੂਬ ਅਤੇ ਥੱਦਈ। ਸ਼ਮਊਨ ਕਨਾਨੀ ਅਤੇ ਯਹੂਦਾ ਇਸਕਰਿਯੋਤੀ ਜਿਸ ਨੇ ਉਹ ਨੂੰ ਫੜਵਾ ਵੀ ਦਿੱਤਾ।

ਇਸ ਸੂਚੀ ਨੂੰ ਪੜ੍ਹਨ ਤੇ ਸਾਨੂੰ ਦੋ ਸੱਚਾਈਆਂ ਹੈਰਾਨ ਕਰਦੀਆਂ ਹਨ। (1) ਦੁਨਿਆਵੀ ਪੱਖੋਂ ਇਹ ਆਮ ਲੋਕ ਹਨ। ਇਨ੍ਹਾਂ ਕੋਲ ਨਾ ਕੋਈ ਸਮਾਜਿਕ ਰੁਤਬਾ, ਨਾ ਖ਼ਾਸ ਸਿਖਲਾਈ ਅਤੇ ਨਾ ਹੀ ਖ਼ਾਸ ਯੋਗਤਾ ਸੀ। ਉਹ ਇਕ ਖਾਸ ਕੰਮ ਨੂੰ ਕਰਨ ਲਈ ਸੱਦੇ ਗਏ ਆਮ ਲੋਕ ਸਨ। ਪ੍ਰਭੂ ਕਿਸੇ ਨੂੰ ਵੀ ਅਤੇ ਹਰ ਕਿਸੇ ਨੂੰ ਵਰਤ ਸਕਦਾ ਹੈ। (2) ਕਿਸੇ ਵੀ ਪੱਖੋਂ ਇਹ ਇਕ ਅਨੋਖਾ ਮਿਸਰਣ ਸੀ। ਉਦਾਹਰਣ ਲਈ, ਮੱਤੀ ਜੋ ਰੋਮੀ ਹਕੂਮਤ ਲਈ ਮਸੂਲ ਇਕੱਠਾ ਕਰਦਾ ਸੀ, ਸ਼ਮਊਨ ਜ਼ੇਲੋਤੇਸੀ ਨਾਲ ਕੰਮ ਕਰਦਾ ਸੀ। ਜ਼ੇਲੋਤੇਸ ਕੱਟੜ ਅਤੇ ਰਾਸ਼ਟਰਵਾਦੀ ਲੋਕਾਂ ਦੀ ਜਮਾਤ ਸੀ, ਜਿਨ੍ਹਾਂ ਨੂੰ ਅੱਤਵਾਦ ਵਿਚ ਮਹਾਰਤ ਸੀ।[5] ਯਿਸੂ ਨੂੰ ਮਿਲਣ ਤੋਂ ਪਹਿਲਾਂ, ਸ਼ਮਊਨ ਮੱਤੀ ਦਾ ਜਾਨੀ ਦੁਸ਼ਮਣ ਸੀ, ਪਰ ਪ੍ਰਭੂ ਸਾਰੇ ਲੋਕਾਂ ਨੂੰ ਸਾਂਤੀ ਨਾਲ ਰਹਿਣ ਵਿਚ ਮਦਦ ਕਰ ਸਕਦਾ ਹੈ।

ਇਹ ਲੋਕ ਖ਼ਾਸ ਦੂਤ ਸਨ, ਇਸ ਕਰਕੇ ਸਾਨੂੰ ਮੱਤੀ 10 ਅਧਿਆਇ ਨੂੰ ਆਪਣੇ ਉੱਤੇ ਲਾਗੂ ਕਰਨ ਦੀ ਆਸ ਨਹੀਂ ਕਰਨੀ ਚਾਹੀਦੀ। ਇਸ ਅਧਿਆਪਿਏ ਵਿਚ ਇਨ੍ਹਾਂ ਲੋਕਾਂ ਲਈ ਖ਼ਾਸ ਪਹਿਲੂਆਂ ਅਤੇ ਉਨ੍ਹਾਂ ਦੇ ਕੰਮ ਬਾਰੇ ਦੱਸਿਆ ਗਿਆ ਹੈ।

**ਉਨ੍ਹਾਂ ਦੀਆਂ ਖ਼ਾਸ ਸਿਫ਼ਾਰਸ਼ਾਂ (ਆਇਤਾਂ 1, 8)**

ਰਸੂਲਾਂ ਨੂੰ ਖ਼ਾਸ ਸਿਫ਼ਾਰਸ਼ਾਂ ਮਿਲਦੀਆਂ ਸਨ (ਵੇਖੋ ਰਸੂਲਾਂ ਦੇ ਕੰਮ 2:43; 2 ਕੁਰਿੰਥੀਆਂ 12:12; ਇਬਰਾਨੀਆਂ 2:1–4)। ਉਨ੍ਹਾਂ ਨੂੰ ਦੁਸ਼ਟ ਆਤਮਾਵਾਂ ਨੂੰ ਕੱਢਣ, ਬੀਮਾਰੀ ਨੂੰ ਚੰਗਾ ਕਰਨ ਅਤੇ ਮੁਰਦਿਆਂ ਨੂੰ ਜੀਉਂਦਾ ਕਰਨ ਦੀ ਸਮਰੱਥ ਦਿੱਤੀ ਗਈ ਸੀ (ਮੱਤੀ 10:1, 8)। ਪਹਿਲੀ ਵਾਰ, ਸਿਸੂ ਨੇ ਮੋਅਜਜ਼ੇ ਕਰਨ ਦੀ ਆਪਣੀ ਸ਼ਕਤੀ ਕਿਸ ਨੂੰ ਦਿੱਤੀ ਸੀ। ਖ਼ੁਦਾ ਜਦੋਂ ਕਿਸੇ ਨੂੰ ਕੋਈ ਕੰਮ ਦਿੰਦਾ ਹੈ ਤਾਂ ਉਹ ਇਸ ਕੰਮ ਨੂੰ ਪੂਰਾ ਕਰਨ ਲਈ ਜ਼ਰੂਰੀ ਸਮਾਨ ਵੀ ਦਿੰਦਾ ਹੈ।

ਮੈਨੂੰ ਅਤੇ ਤੁਹਾਨੂੰ ਉਨ੍ਹਾਂ ਬਾਰ੍ਹਾਂ ਰਸੂਲਾਂ ਵਾਲੀ ਸ਼ਕਤੀਆਂ ਨਹੀਂ ਮਿਲੀਆਂ ਹਨ, ਪਰ ਸਿਧਾਂਤ ਇੱਕੋ ਹੈ ਕਿ ਪ੍ਰਭੂ ਸਾਨੂੰ ਦਿੱਤੇ ਗਏ ਕੰਮ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾਏਗਾ।

**ਉਨ੍ਹਾਂ ਦਾ ਖ਼ਾਸ ਕੰਮ (ਆਇਤਾਂ 5-7)**

ਰਸੂਲਾਂ ਨੂੰ ਖ਼ਾਸ ਕੰਮ ਦਿੱਤਾ ਗਿਆ ਸੀ, ਜਿਸ ਨੂੰ ਅਸੀਂ ਆਮ ਤੌਰ ਤੇ ਸੀਮਿਤ ਆਗਿਆ ਜਾਂ ਲਿਮਿਟਡ ਕਮਿਸ਼ਨ ਆਖਦੇ ਹਾਂ। ਇਸ ਦਾ ਖੇਤਰ ਸੀਮਿਤ ਸੀ: ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ, ਉਨ੍ਹਾਂ ਨੇ ਨਾ ਤਾਂ ਪਰਾਈਆਂ ਕੌਮਾਂ ਅਤੇ ਨਾ ਸਾਮਰੀਆਂ ਕੋਲ, ਬਲਕਿ ਯਹੂਦੀਆਂ ਕੋਲ

ਜਾਣਾ ਸੀ (ਆਇਤਾਂ 5, 6)। ਇਸ ਦਾ ਸੰਦੇਸ਼ ਵੀ ਸੀਮਿਤ ਸੀ ਕਿ ਉਨ੍ਹਾਂ ਨੇ ਪ੍ਰਚਾਰ ਕਰਨਾ ਸੀ ਕਿ ''ਸੁਰਗ ਦਾ ਰਾਜ ਨੇੜੇ ਆਇਆ ਹੈ'' (ਆਇਤ 7)। ਉਨ੍ਹਾਂ ਨੇ ਲੋਕਾਂ ਨੂੰ ਆਉਣ ਵਾਲੇ ਰਾਜ ਲਈ ਤੌਬਾ ਕਰਨ ਲਈ ਕਹਿਣਾ ਸੀ (ਮਰਕੁਸ 6:12; ਵੇਖੋ ਮੱਤੀ 3:2; 4:17)।

ਸਾਡਾ ਕੰਮ ਫ਼ਰਕ ਹੈ ਜਿਸ ਕਰਕੇ ਅਸੀਂ ਇਸ ਨੂੰ ਗ੍ਰੇਟ ਕਮਿਸ਼ਨ ਆਖਦੇ ਹਾਂ (ਮੱਤੀ 28:18–20; ਮਰਕੁਸ 16:15, 16)। ਇਸ ਦਾ ਖੇਤਰ ਅਸੀਮਿਤ ਹੈ, ਕਿਉਂਕਿ ਸਾਨੂੰ ਸਾਰੇ ਸੰਸਾਰ ਵਿਚ ਜਾਣ ਨੂੰ ਕਿਹਾ ਗਿਆ ਹੈ (ਮੱਤੀ 28:19; ਮਰਕੁਸ 16:15)। ਗ੍ਰੇਟ ਕਮਿਸ਼ਨ ਦਾ ਸੰਦੇਸ ਵੀ ਅਸੀਮਿਤ ਹੈ, ਕਿਉਂਕਿ ਇਸ ਦਾ ਭਰਪੂਰੀ ਨਾਲ ਸਭ ਲੋਕਾਂ ਵਿਚ ਪ੍ਰਚਾਰ ਕੀਤਾ ਜਾਂਦਾ ਹੈ। ਅਸਾਂ ਸਭ ਨੂੰ ਦੱਸਣਾ ਹੈ ਕਿ ਰਾਜਾ ਯਿਸੂ ਆ ਚੁੱਕਿਆ ਹੈ, ਉਸ ਦਾ ਰਾਜ/ਕਲੀਸੀਆ ਕਾਇਮ ਹੋ ਚੁੱਕਿਆ ਹੈ ਅਤੇ ਹਰ ਕੋਈ ਇਸ ਵਿਚ ਸ਼ਾਮਿਲ ਹੋ ਸਕਦਾ ਹੈ!

### ਉਨ੍ਹਾਂ ਨੂੰ ਖ਼ਾਸ ਹਦਾਇਤਾਂ (ਆਇਤਾਂ 9-16)

ਰਸੂਲਾਂ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਗਈਆਂ ਸਨ ਜਿਸ ਵਿਚ ਉਨ੍ਹਾਂ ਘੱਟ ਸਮਾਨ ਲੈ ਕੇ ਚੱਲਣਾ ਸੀ (ਮੱਤੀ 10:9, 10) ਅਤੇ ਫਿਰ ਉਸੇ ਘਰ ਰੁਕਣਾ ਸੀ, ਜਿੱਥੇ ਉਨ੍ਹਾਂ ਨੂੰ ਕਬੂਲ ਕੀਤਾ ਜਾਂਦਾ (ਆਇਤਾਂ 11–13)। ਉਨ੍ਹਾਂ ਉੱਥੇ ਰੁਕ ਕੇ, ਜਿੱਥੇ ਲੋਕ ਉਨ੍ਹਾਂ ਨੂੰ ਕਬੂਲ ਨਾ ਕਰਨ, ਸਮਾਂ ਬਰਬਾਦ ਨਹੀਂ ਕਰਨਾ ਸੀ, ਬਲਕਿ ਠੁਕਰਾਏ ਜਾਣ ਤੇ ਅੱਗੇ ਵਧ ਜਾਣਾ ਸੀ (ਆਇਤਾਂ 13–15)। ਸਿਖਾਉਣ ਲਈ ਉਨ੍ਹਾਂ ਬੁੱਧ ਦੀ ਵਰਤੋਂ ਕਰਨਾ ਸੀ (ਆਇਤ 16)।

ਇਹ ਹਦਾਇਤਾਂ ਖ਼ਾਸ ਤੌਰ ਤੇ ਉਨ੍ਹਾਂ ਲਈ ਦਿੱਤੀਆਂ ਗਈਆਂ ਸਨ, ਪਰ ਮੈਨੂੰ ਅਤੇ ਤੁਹਾਨੂੰ ਵੀ ਅਜਿਹੇ ਸਬਕ ਲੈਣੇ ਜ਼ਰੂਰੀ ਹਨ। ਸਾਨੂੰ ਇਹ ਭਰੋਸਾ ਰੱਖਣਾ ਸਿੱਖਣਾ ਚਾਹੀਦਾ ਹੈ ਕਿ ਪ੍ਰਭੂ ਸਾਡੇ ਲਈ ਉਪਾਅ ਕਰੇਗਾ। ਸਾਨੂੰ ਆਪਣੇ ਕੰਮ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ। ਪ੍ਰਭੂ ਦੇ ਕੰਮ ਦੇ ਸਬੰਧ ਵਿਚ ਫੈਸਲੇ ਲੈਣ ਲਈ ਸਾਨੂੰ ਸਮਝ ਅਤੇ ਬੁੱਧ ਦੀ ਵਰਤੋਂ ਕਰਨੀ ਜ਼ਰੂਰੀ ਹੈ।

### ਉਨ੍ਹਾਂ ਦੀ ਖ਼ਾਸ ਦਲੇਰੀ (ਆਇਤਾਂ 19, 20, 40-42)

ਅਖੀਰ ਵਿਚ, ਰਸੂਲਾਂ ਨੂੰ ਖ਼ਾਸ ਦਲੇਰੀ ਦਿੱਤੀ ਗਈ ਸੀ: ਉਨ੍ਹਾਂ ਨੂੰ ਇਹ ਦੱਸ ਕੇ ਦਲੇਰ ਕੀਤਾ ਗਿਆ ਕਿ ਉਨ੍ਹਾਂ ਨੂੰ ਗਿਫ਼ਤਾਰ ਕੀਤਾ ਜਾਵੇਗਾ, ਪਵਿੱਤਰ ਆਤਮਾ ਉਨ੍ਹਾਂ ਨੂੰ ਦੱਸੇਗਾ ਕਿ ਉਨ੍ਹਾਂ ਨੇ ਕੀ ਕਹਿਣਾ ਹੈ (ਆਇਤਾਂ 19, 20)। ਬਰਟਨ ਕਾਫ਼ਮੈਨ ਨੇ ਕਿਹਾ ਹੈ, ''ਇਹ ਉਸ ਪ੍ਰੇਰਣਾ ਦੀ ਜਿਸ ਨਾਲ ਰਸੂਲਾਂ ਨੂੰ ਸਾਰੀ ਸੱਚਿਆਈ ਵਿਚ ਅਗਵਾਈ ਮਿਲੀ ਸੀ, ਨਵੇਂ ਨੇਮ ਦੀਆਂ ਸਭ ਤੋਂ ਮਜਬੂਤ ਗੱਲਾਂ ਵਿੱਚੋਂ ਇਕ ਸੀ।''[6] ਇਸ ਦੇ ਉਲਟ, ਦੂਜਿਆਂ ਨੂੰ ''ਜਵਾਬ ਦੇਣ'' ਦੇ ਯੋਗ ਹੋਣ ਲਈ ਮੈਨੂੰ ਅਤੇ ਤੁਹਾਨੂੰ ਅਧਿਐਨ ਕਰਨਾ ਲਾਜ਼ਮੀ ਹੈ (1 ਪਤਰਸ 3:15; KJV)।

ਉਨ੍ਹਾਂ ਨੂੰ ਮਸੀਹ ਦੇ ਇਸ ਭਰੋਸੇ ਨਾਲ ਵੀ ਕਿ ਉਸ ਦੇ ਖ਼ਾਸ ਰਾਜਦੂਤਾਂ ਦੇ ਰੂਪ ਵਿਚ, ਉਹ ਉਸ ਦੀ ਨੁਮਾਇੰਦਗੀ ਕਰ ਰਹੇ ਸਨ, ਦਲੇਰ ਕੀਤਾ ਗਿਆ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਬੂਲ ਕਰਨ ਵਾਲਾ ਉਸ ਨੂੰ ਹੀ ਕਬੂਲ ਕਰਦਾ ਹੈ (ਆਇਤਾਂ 40–42)।[7] ਕਿਸੇ ਦੇਸ਼ ਦੇ ਰਾਜੇ ਜਾਂ ਰਾਸ਼ਟਰਪਤੀ ਵੱਲੋਂ ਕੋਈ ਕੰਮ ਕਰਨ ਨੂੰ ਕਿਹਾ ਜਾਣਾ ਬੇਹੱਦ ਇੱਜ਼ਤ ਵਾਲੀ ਗੱਲ ਹੈ। ਜੇ ਇਹ ਕੰਮ ''ਰਾਜਿਆਂ ਦੇ ਰਾਜਾ ਅਤੇ ਪ੍ਰਭੂਆਂ ਦੇ ਪ੍ਰਭੂ'' (ਪ੍ਰਕਾਸ਼ ਦੀ ਪੋਥੀ 19:16) ਵੱਲੋਂ ਦਿੱਤਾ ਗਿਆ ਹੋਵੇ ਤਾਂ ਹੋਰ ਵੀ ਕਿੰਨੇ ਮਾਣ ਦੀ ਗੱਲ ਹੈ!

ਮੈਂ ਫੇਰ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਰਸੂਲ ਯਿਸੂ ਦੇ *ਖਾਸ* ਰਾਜਦੂਤ ਸਨ। ਉਨ੍ਹਾਂ ਨੂੰ ਦਿੱਤੀਆਂ ਗਈਆਂ ਖ਼ਾਸ ਹਦਾਇਤਾਂ (ਜਿਵੇਂ ਇਸ ਗੱਲ ਦੀ ਚਿੰਤਾ ਨਾ ਕਰਨਾ ਕਿ ਉਹ ਕੀ ਆਖਣਗੇ) ਸਾਡੇ ਤੇ ਲਾਗੂ ਨਹੀਂ ਹੁੰਦੀਆਂ।

## ਮੌਜੂਦਾ ਰਾਜਦੂਤ

ਇਸ ਅਧਿਆਇ ਵਿਚ ਸਾਡੇ ਲਈ ਵੀ ਸਬਕ ਹਨ– ਸੋ ਆਓ ਹੁਣ ਮੌਜੂਦਾ, ਭਾਵ ਯਿਸੂ ਦੇ ਰੋਜ਼ ਮਰਾੱ ਦੇ ਰਾਜਦੂਤਾਂ ਦੀ ਗੱਲ ਕਰਦੇ ਹਾਂ। ਮੈਂ ਅਤੇ ਤੁਸੀਂ ਰਸੂਲਾਂ ਵਾਂਗ ਖ਼ਾਸ ਅਰਥ ਵਿਚ ਰਾਜਦੂਤ ਨਹੀਂ ਹਾਂ ਪਰ ਅੱਜ ਵੀ ਧਰਤੀ ਤੇ ਅਸੀਂ ਪ੍ਰਭੂ ਦੀ ਨੁਮਾਇੰਦਗੀ ਕਰਦੇ ਹਾਂ। ਕੁਰਿੰਥੀਆਂ ਦੇ ਨਾਂਅ ਚਿੱਠੀ ਵਿਚ ਪੌਲੁਸ ਨੇ ਲਖਿਆ ਸੀ:

> ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। ਅਰਥਾਤ ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਵਚਨ ਸਾਨੂੰ ਸੌਂਪ ਦਿੱਤਾ।
>
> ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ (2 ਕੁਰਿੰਥੀਆਂ 5:17–20)।

ਪੌਲੁਸ ਦੇ ਸ਼ਬਦ ਮੁੱਖ ਰੂਪ ਵਿਚ ਆਪਣੀ ਹੀ ਸੇਵਕਾਈ ਬਾਰੇ ਸਨ, ਪਰ ਉਨ੍ਹਾਂ ਵਿਚ ਇਹੀ ਸੰਕੇਤ ਲਗਦਾ ਸੀ, ਕਿ ਕਲੀਸੀਆ ਦੀ ਸੇਵਕਾਈ ਵੀ ਇਵੇਂ ਹੀ ਹੈ ਕਿ ਹਰ ਮਸੀਹੀ ਦੀ ਲੋਕਾਂ ਨੂੰ ਖ਼ੁਦਾ ਨਾਲ ਮਿਲਾਉਣ ਦੀ ਜ਼ਿੰਮੇਵਾਰੀ ਹੈ ਅਤੇ ਇਹ ਕਿ ਇਵੇਂ ਕਰਕੇ ਅਸੀਂ ''ਮਸੀਹ ਵੱਲੋਂ'' ਗੱਲ ਕਰ ਰਹੇ ਹੁੰਦੇ ਹਾਂ।

ਕਈ ਆਇਤਾਂ ਵਿਚ ਇਹ ਜ਼ੋਰ ਦਿੱਤਾ ਗਿਆ ਹੈ ਕਿ ਵਫ਼ਾਦਾਰ ਮਸੀਹੀ ਅੱਜ ਧਰਤੀ ਉੱਤੇ ਮਸੀਹ ਦੇ ਨੁਮਾਇੰਦੇ ਹਨ, ਭਾਵ ਨਵਾਂ ਨੇਮ ਸਿਖਾਉਂਦਾ ਹੈ ਕਿ ਮਸੀਹ ਅਤੇ ਉਸਦੇ ਵਫ਼ਾਦਾਰ ਪੈਰੋਕਾਰਾਂ ਵਿਚ ਫ਼ਰਕ ਕਰਨਾ ਸੰਭਵ ਹੈ। ਜਦ ਕੋਈ ਕਿਸੇ ਨੂੰ ਯਿਸ ਦਾ ਚੇਲਾ ਹੋਣ ਕਰਕੇ ਠੰਡੇ ਪਾਣੀ ਦਾ ਗਿਲਾਸ ਪਿਆਉਂਦਾ ਹੈ ਤਾਂ ਅਸਲ ਵਿਚ ਉਹ ਯਿਸੂ ਦੀ ਹੀ ਸੇਵਾ ਕਰ ਰਿਹਾ ਹੁੰਦਾ ਹੈ (ਮੱਤੀ 10:42; ਵੇਖੋ 25:35, 40)। ਜਦ ਸ਼ਾਊਲ ਕਲੀਸੀਆ ਦੇ ਲੋਕਾਂ ਨੂੰ ਸਤਾ ਰਿਹਾ ਸੀ (ਰਸੂਲਾਂ ਦੇ ਕੰਮ 8:3), ਤਾਂ ਅਸਲ ਵਿਚ ਉਹ ਮਸੀਹ ਨੂੰ ਹੀ ਸਤਾ ਰਿਹਾ ਸੀ (ਰਸੂਲਾਂ ਦੇ ਕੰਮ 9:4)।

ਸਾਨੂੰ ਉਸ ਦੀ ਦੇਹ (1 ਕੁਰਿੰਥੀਆਂ 12:13), ਭਾਵ ਕਲੀਸੀਆ ਵਿਚ ਬਪਤਿਸਮਾ ਦਿੱਤਾ ਗਿਆ ਹੈ, ਜਿਸ ਨੂੰ ਉਸ ਦੀ ''ਭਰਪੂਰੀ'' (ਅਫ਼ਸੀਆਂ 1:22, 23) ਕਿਹਾ ਗਿਆ ਹੈ। ਬਪਤਿਸਮਾ ਲੈਣ ਤੇ, ਅਸੀਂ ਪ੍ਰਭੂ ਨੂੰ ''ਪਹਿਨ ਲੈਂਦੇ'' ਹਾਂ (ਵੇਖੋ ਗਲਾਤੀਆਂ 3:27)। ਅਸੀਂ ਯਿਸੂ ਵਿਚ ਅਤੇ ਉਹ ਸਾਡੇ ਵਿਚ ਹੈ (ਰੋਮੀਆਂ 8:1; ਕੁਲੁੱਸੀਆਂ 1:27)। ਸਾਡੇ ਵਿੱਚੋਂ ਹਰ ਕੋਈ ਆਖ ਸਕਦਾ ਹੈ, ''... ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ'' (ਗਲਾਤੀਆਂ 2:20)।

ਵਿਲੀਅਮ ਬਾਰਕਲੇ ਨੇ ਲਖਿਆ ਹੈ, ''ਮਸੀਹੀ ਆਦਮੀ ਲੋਕਾਂ ਲਈ ਯਿਸੂ ਮਸੀਹ ਦਾ ਰਾਜਦੂਤ ਹੈ। ਮਸੀਹ ਦੀ ਹਜ਼ੂਰੀ ਨਾਲ ਉਹ ਆਪਣੇ ਨਾਲ ਵਚਨ ਅਤੇ ਆਪਣੇ ਪ੍ਰਭੂ ਖ਼ੂਬਸੂਰਤੀ ਨੂੰ ਲੈ ਕੇ ਚੱਲਦਾ ਹੈ।''[8] ਜਿਵੇਂ ਪਹਿਲਾਂ ਵੀ ਕਿਹਾ ਗਿਆ ਸੀ, ਸਾਨੂੰ ਆਪਣਾ ਕੰਮ ਕਰਨਾ ਹੈ ਭਾਵ ਪ੍ਰਭੂ ਦੇ ਨੁਮਾਇੰਦਿਆਂ ਦੇ ਰੂਪ ਵਿਚ ਸੰਸਾਰ ਵਿਚ ਜਾ ਕੇ ਸਭ ਲੋਕਾਂ ਵਿਚ ਉਸਦਾ ਸੰਦੇਸ਼ ਪਹੁੰਚਾਉਣਾ ਹੈ (ਮੱਤੀ 28:18–20; ਮਰਕੁਸ 16:15, 16)। ਇਸ ਨੂੰ ਦਿਮਾਗ਼ ਵਿਚ ਰੱਖਦਿਆਂ, ਆਓ ਅਸੀਂ ਆਪਣੇ ਬਾਈਬਲ ਪਾਠ ਵਿਚ ਚਲਦੇ ਹਾਂ ਅਤੇ ਉਸ ਵਿੱਚੋਂ ਉਨ੍ਹਾਂ ਆਮ ਸਚਿਆਈਆਂ ਨੂੰ ਲੈਂਦੇ ਹਾਂ ਜੋ ਮਸੀਹ ਦੇ ਸਭ ਮੌਜੂਦਾ ਰਾਜਦੂਤਾਂ ਤੇ ਲਾਗੂ ਹੁੰਦੀਆਂ ਹਨ।

**ਜੀਣ ਲਈ ਇਕ ਜ਼ਿੰਦਗੀ** (**ਆਇਤਾਂ 28, 32, 33, 37-39**)

ਮਸੀਹ ਦੇ ਰਾਜਦੂਤਾਂ ਦੇ ਰੂਪ ਵਿਚ ਸਾਡੀ ਜ਼ਿੰਦਗੀ ਖ਼ਾਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਯਾਦ ਰੱਖੋ, ਅਸੀਂ ਰਾਜੇ ਦੇ ਨੁਮਾਇੰਦੇ ਹਾਂ!

ਇਸ ਦਾ ਮਤਲਬ ਇਹ ਹੋਇਆ ਕਿ ਸਾਡੀ ਜ਼ਿੰਦਗੀ ਵਿਚ *ਖ਼ੁਦਾ* ਦਾ ਖ਼ੌਫ਼ ਨਜ਼ਰ ਆਉਣਾ ਚਾਹੀਦਾ ਹੈ। ਯਿਸੂ ਨੇ ਕਿਹਾ, ''ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਆਤਮਾ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋ ਜਿਹੜਾ ਦੇਹੀ ਅਤੇ ਆਤਮਾ ਦੋਹਾਂ ਦਾ ਨਰਕ ਵਿਚ ਨਾਸ ਕਰ ਸਕਦਾ ਹੈ'' (ਮੱਤੀ 10:28)।

*ਇਸ ਨਾਲ ਪ੍ਰਭੂ ਦਾ ਪ੍ਰਚਾਰ ਕਰਨ ਦੀ ਮਜ਼ਬੂਤੀ ਆਉਣੀ ਜ਼ਰੂਰੀ ਹੈ।* ਮਸੀਹ ਨੇ ਕਿਹਾ, ''ਉਪਰੰਤ ਜੋ ਕੋਈ ਮਨੁੱਖ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ ਉਹ ਦਾ ਇਕਰਾਰ ਕਰਾਂਗਾ। ਪਰ ਜੋ ਕੋਈ ਮਨੁੱਖ ਦੇ ਅੱਗੇ ਮੇਰਾ ਇਨਕਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿਚ ਹੈ ਉਸ ਦਾ ਇਨਕਾਰ ਕਰਾਂਗਾ'' (ਆਇਤਾਂ 32, 33)। ਸਾਡੇ ਲਈ ਉਸਦੀ ਗੱਲ ਮੰਨਣੀ ਜ਼ਰੂਰੀ ਹੈ। ਬਾਰਕਲੇ ਦਾ ਸੁਝਾਅ ਹੈ ਕਿ ''ਬਹੁਤੇ ਲੋਕਾਂ ਦਾ ਯਿਸੂ ਦਾ ਇਨਕਾਰ ਕਰਨ ਦਾ ਕਾਰਣ ਵਿਵੇਕੀ ਗੱਲਾਂ ਦੀ ਥਾਂ ਬੁਜ਼ਦਿਲੀ ਦੀ ਖ਼ਾਮੋਸ਼ੀ ਹੈ।''[9] ਸਾਨੂੰ ਕੰਮਾਂ ਨਾਲ ਉਸ ਨੂੰ ਕਬੂਲ ਕਰਨਾ ਜ਼ਰੂਰੀ ਹੈ (ਵੇਖੋ ਤੀਤੁਸ 1:16)। ਅਮਰੀਕਾ ਦੇ ਰਾਸ਼ਟਰਪਤੀ ਦੀ ਆਪਣੀ ਕੋਈ ਗੁਪਤ ਸੇਵਾ ਹੋ ਸਕਦੀ ਹੈ,[10] ਪਰ ਯਿਸੂ ਦੀ ਅਜਿਹੀ ਕੋਈ ਸੇਵਾ ਨਹੀਂ ਹੈ। ਤੁਹਾਨੂੰ ਅਤੇ ਮੈਨੂੰ ਲੋਕਾਂ ਅੱਗੇ ਇਹ ਮੰਨਣਾ ਜ਼ਰੂਰੀ ਹੈ ਕਿ ਅਸੀਂ ਆਪਣੇ ਰਾਜੇ ਦੇ ਸੇਵਕ ਹਾਂ!

ਇਹ ਜ਼ਿੰਦਗੀ *ਸਹੀ ਤਰਜੀਹਾਂ* ਨਾਲ ਵਿਖਾਈ ਗਈ ਹੋਣੀ ਚਾਹੀਦੀ ਹੈ। ਸਭ ਤੋਂ ਉੱਤੇ ਖ਼ੁਦਾ, ਯਿਸੂ ਅਤੇ ਰਾਜ ਨੂੰ ਹੀ ਥਾਂ ਮਿਲਣੀ ਚਾਹੀਦੀ ਹੈ। ਸਾਡੇ ਪਰਿਵਾਰਾਂ ਨਾਲੋਂ ਵੀ ਅਹਿਮ ਕਈ ਗੱਲਾਂ ਹਨ। ਯਿਸੂ ਨੇ ਕਿਹਾ, ''ਜੋ ਕੋਈ ਪਿਓ ਜਾਂ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ ਹੈ'' (ਆਇਤ 37)।[11] ਪ੍ਰਭੂ ਦੇ ਰਾਜ ਦੀ ਅਹਿਮੀਅਤ ਸਾਡੀਆਂ ਆਪਣੀਆਂ ਜਾਨਾਂ ਨਾਲੋਂ ਵੱਧ ਹੈ। ਫਿਰ, ਮਸੀਹ ਨੇ ਕਿਹਾ ''ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ'' (ਆਇਤ 39ਅ)। ਇਸ ਵਾਅਦੇ ਵਿਚ ਸ਼ੁਰੂ ਦੇ ਮਸੀਹੀ ਲੋਕਾਂ ਨੂੰ ਰੋਮੀ ਜ਼ੁਲਮ ਦਾ ਸਾਹਮਣਾ ਕਰਨ ਲਈ ਕਿੰਨੀ ਵੱਡੀ ਤਸੱਲੀ ਮਿਲੀ ਹੋਵੇਗੀ।

*ਆਪਣਾ ਇਨਕਾਰ* ਕਰਕੇ ਅਜਿਹੀ ਜ਼ਿੰਦਗੀ ਜੀਣਾ ਜ਼ਰੂਰੀ ਹੈ। ਯਿਸੂ ਨੇ ਕਿਹਾ, ''ਅਤੇ ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ'' (ਆਇਤ 38)। ਮੱਤੀ ਦੀ ਇੰਜੀਲ ਵਿਚ ਇੱਥੇ ਸਲੀਬ ਦਾ ਜ਼ਿਕਰ ਪਹਿਲੀ ਵਾਰ ਹੈ। ਬਾਅਦ ਵਿਚ ਯਿਸੂ ਨੇ ''ਆਪਣੀ ਸਲੀਬ ਚੁੱਕੀ।'' ਸਾਨੂੰ ਉਸ ਦੇ ਮਗਰ ਚੱਲਣ ਨੂੰ ਤਿਆਰ ਹੋਣਾ ਜ਼ਰੂਰੀ ਹੈ।

**ਸਹਿਣ ਲਈ ਸਤਾਅ** (**ਆਇਤਾਂ 16-18, 21, 22, 34-36**)

ਮਸੀਹ ਦੇ ਰਾਜਦੂਤ ਹੋਣ ਕਰਕੇ, ਅਸੀਂ ਸਤਾਅ ਸਹਿਣ ਦੀ ਆਸ ਕਰ ਸਕਦੇ ਹਾਂ। ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਵੇਖੋ ਮੈਂ ਤੁਹਾਨੂੰ ਭੇਡਾਂ ਵਾਂਗੂ ਬਘਿਆੜਾਂ ਵਿਚ ਭੇਜਦਾ ਹਾਂ'' (ਆਇਤ 16)। ਇਹ ਅਜੀਬ ਲੱਗ ਸਕਦਾ ਹੈ, ਕਿਉਂਕਿ ਮਸੀਹ ਰਾਜਿਆਂ ਦਾ ਰਾਜਾ ਹੈ, ਪਰ ਇਤਿਹਾਸ ਇਖ਼ਤਿਆਰ ਦੇ ਖ਼ਿਲਾਫ਼ ਬਗਾਵਤ ਨਾਲ ਭਰਿਆ ਹੋਇਆ ਹੈ। ਜੇ ਉਨ੍ਹਾਂ ਨੇ ਉਸ ਨੂੰ ਸਤਾਇਆ (ਆਇਤ 25), ਤਾਂ ਉਹ ਦੇ ਪੈਰੋਕਾਰਾਂ ਨੂੰ ਕਿਉਂ ਨਾ ਸਤਾਉਣਗੇ (ਆਇਤ 24)?

ਇਸ ਅਧਿਆਇ ਵਿਚ ਤਿੰਨ ਤਰ੍ਹਾਂ ਦੇ ਸਤਾਅ ਦੀਆਂ ਗੱਲਾ ਕਹੀਆਂ ਗਈਆਂ ਹਨ। ਪਹਿਲੀ ਉਸ ਸਮੇਂ ਦੇ ਸੰਗਠਿਤ ਧਰਮ ਵੱਲੋਂ ਸਤਾਅ ਹੈ: ''ਪਰ ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਓਹ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਆਪਣੀਆਂ ਸਮਾਜਾਂ ਵਿਚ ਤੁਹਾਨੂੰ ਕੋਰੜੇ ਮਾਰਨਗੇ'' (ਆਇਤ

17)। ਅੱਜ ਸੰਸਾਰ ਦੇ ਕੁਝ ਭਾਗਾਂ ਦੇ ਮਸੀਹੀ ਲੋਕ ਸਮਝ ਸਕਦੇ ਹਨ ਕਿ ਸੰਗਠਿਤ ਧਰਮ ਵੱਲੋਂ ਸਤਾਏ ਜਾਣ ਦਾ ਕੀ ਮਤਲਬ ਹੈ।

ਦੂਜਾ ਸਤਾਅ ਸਰਕਾਰੀ ਅਧਿਕਾਰੀਆਂ ਵੱਲੋਂ ਹੈ: ''ਤੁਸੀਂ ... ਹਾਕਮਾਂ ਅਤੇ ਰਾਜਿਆਂ ਦੇ ਅੱਗੇ ... ਹਾਜ਼ਰ ਕੀਤੇ ਜਾਓਗੇ'' (ਆਇਤ 18)। ਝੱਟ ਪੌਲੁਸ ਦੇ ਸਤਾਅ ਅਤੇ ਪਹਿਲੇ ਸ਼ਹੀਦਾਂ ਦਾ ਧਿਆਨ ਆਉਂਦਾ ਹੈ। ਫਿਰ, ਅੱਜ ਦੇ ਸਾਡੇ ਕੁਝ ਭਾਈਆਂ ਤੇ ਜੋ ਬੀਤਿਆ ਹੈ ਅਤੇ ਜੋ ਬੀਤ ਰਿਹਾ ਹੈ, ਅਜਿਹਾ ਹੀ ਸਤਾਅ ਤਾਂ ਹੈ।[12]

ਤੀਜੀ ਤਰ੍ਹਾਂ ਦਾ ਸਤਾਅ ਜਿੱਥੋਂ ਉਮੀਦ ਨਾ ਹੋਵੇ ਭਾਵ ਪਰਿਵਾਰ ਵੱਲੋਂ ਹੈ।[13]

> ਭਾਈ ਭਾਈ ਨੂੰ ਅਤੇ ਪਿਓ ਪੁੱਤਰ ਨੂੰ ਮੌਤ ਲਈ ਫੜਵਾਏਗਾ ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨ੍ਹਾਂ ਨੂੰ ਮਰਵਾ ਸੁੱਟਣਗੇ (ਆਇਤ 21)।

> ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ। ਕਿਉਂ ਜੋ ਮੈਂ ਮਨੁੱਖ ਨੂੰ ਉਹ ਦੇ ਪਿਓ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਅਰ ਮਨੁੱਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ (ਆਇਤਾਂ 34–36)।

ਯਿਸੂ ਨੇ ਆਪਣੇ ਮਗਰ ਚੱਲਣ ਵਾਲਿਆਂ ਨੂੰ ਸਾਫ਼ ਦੱਸ ਦਿੱਤਾ ਕਿ ''ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ'' (ਆਇਤ 22)। ਉਹ ਉਨ੍ਹਾਂ ਨਾਲ ਪੂਰੀ ਈਮਾਨਦਾਰੀ ਨਾਲ ਕੰਮ ਕਰ ਰਿਹਾ ਸੀ। ਉਸ ਨੇ ਓਨ੍ਹਾਂ ਨੂੰ ਕੰਮ ਸਮਝਾਇਆ ਅਤੇ ਫਿਰ, ਅਸਲ ਵਿਚ ਇਹ ਪੁੱਛਿਆ ਕਿ ''ਕੀ ਤੁਹਾਨੂੰ ਕੰਮ ਚਾਹੀਦਾ ਹੈ?''

ਜਦ ਨਵਾਂ ਨੇਮ ਸਤਾਅ ਬਾਰੇ ਐਨਾ ਕੁਝ ਦੱਸਦਾ ਹੈ ਤਾਂ ਅਸੀਂ ਇਸ ਬਾਰੇ ਐਨਾ ਘੱਟ ਕਿਉਂ ਦੱਸਦੇ ਹਾਂ?[14] ਪਹਿਲੀ ਕਲੀਸੀਆ ਦੇ ਲੋਕ ਇਕੱਠੇ ਹੋਣ ਤੇ ਪ੍ਰਭੂ ਲਈ ਉਨ੍ਹਾਂ ਨੂੰ ਪੇਸ਼ ਖਤਰੇ ਦੀਆਂ ਗੱਲਾਂ ਕਰਦੇ ਸਨ। ਸਾਡੇ ਵਿੱਚੋਂ ਕੁਝ ਲੋਕ ਬਹੁਤ ਬਹੁਤ ਮਸ਼ਹੂਰ ਹੋਣ, ਬਹੁਤ ਥੱਕੇ ਹੋਣ, ਬਹੁਤ ਗਰਮੀ ਹੋਣ ਜਾਂ ਬਹੁਤ ਠੰਡ ਹੋਣ ਦੀ ਸ਼ਿਕਾਇਤ ਕਰਦੇ ਸਨ। ਉਨ੍ਹਾਂ ਨੇ ਸਤਾਅ ਝੱਲਿਆ, ਜਦ ਕਿ ਅਸੀਂ ਥੋੜ੍ਹੀ ਜਿਹੀ ਮੁਸ਼ਕਿਲ ਨਹੀਂ ਝੱਲਣਾ ਚਾਹੁੰਦੇ। ''ਯਿਸੂ ਨੂੰ ਇਕੱਲਾ ਹੀ ਸਲੀਬ ਚੁੱਕੇ?''

### ਕਿੱਥੋਂ ਉਮੀਦ ਕੀਤੀ ਜਾਵੇ (ਆਇਤਾਂ 26-31)

ਮੈਂ ਇਹ ਪ੍ਰਭਾਵ ਨਹੀਂ ਦੇਣਾ ਚਾਹੁੰਦਾ ਕਿ ਮੱਤੀ 10 ਅਧਿਆਇ ਵਿਚ ਮਸੀਹ ਦੀਆਂ ਸਭ ਗੱਲਾਂ ਨਕਾਰਾਤਮਕ ਹੀ ਸਨ। ਸਿੱਕੇ ਦਾ ਦੂਜਾ ਪਹਿਲਾਂ ਵੀ ਸੀ। ਯਿਸੂ ਦੇ ''ਰਾਦਜੂਤ'' ਹੋਣ ਕਰਕੇ, ਸਾਨੂੰ ਰਾਜੇ ਵੱਲੋਂ ਇਖ਼ਤਿਆਰ ਅਤੇ ਉਸ ਦੀ ਵਰਤੋਂ ਕਰਨ ਦੀ ਸ਼ਕਤੀ ਮਿਲੀ ਹੈ।

ਇਸ ਅਧਿਆਇ ਵਿਚ ਤਿੰਨ ਵਾਰ, ਪ੍ਰਭੂ ਨੇ ਆਪਣੇ ਚੇਲਿਆਂ ਨੂੰ ਨਾ ਡਰਨ ਲਈ ਕਿਹਾ: ਬਦਨਾਮੀ ਤੋਂ ਨਾ ਕਰੋ, ਕਿਉਂਕਿ ਅਖੀਰ ਵਿਚ, ਫ਼ਤਹਿ ਸਚਿਆਈ ਦੀ ਹੀ ਹੈ: ''ਸੋ ਤੁਸੀਂ ਉਨ੍ਹਾਂ ਕੋਲੋਂ ਨਾ ਡਰੋ ਕਿਉਂਕਿ ਕੋਈ ਚੀਜ਼ ਲੁਕੀ ਨਹੀਂ ਹੈ ਜਿਹੜੀ ਪਰਗਟ ਨਾ ਕੀਤੀ ਜਾਵੇਗੀ, ਨਾ ਕੁਝ ਗੁਪਤ ਹੈ ਜੋ ਜਾਣਿਆ ਨਾ ਜਾਵੇਗਾ'' (ਆਇਤ 26)। ਇੰਜੀਲ ਦਾ ''ਕੋਠਿਆਂ ਉੱਤੇ ਪ੍ਰਚਾਰ'' (ਆਇਤ 27) ਕੀਤਾ ਜਾਣਾ ਸੀ।''[15]

ਜਦ ਤੁਹਾਡੀ ਜਾਨ ਖਤਰੇ ਵਿਚ ਪੈ ਜਾਵੇ ਤਾਂ ਨਾ ਡਰੋ, ਕਿਉਂਕਿ ਮਨੁੱਖ ਸਿਰਫ਼ ਸਰੀਰ ਨੂੰ ਹੀ ਮਾਰ ਸਕਦੇ ਹਨ: ''ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਆਤਮਾ ਨੂੰ ਨਹੀਂ ਮਾਰ ਸਕਦੇ ਸਗੋਂ ਉਸ ਕੋਲੋਂ ਡਰੋ ਜਿਹੜਾ ਦੇਹੀ ਅਤੇ ਆਤਮਾ ਦੋਹਾਂ ਦਾ ਨਰਕ ਵਿਚ ਨਾਸ ਕਰ

ਸਕਦਾ ਹੈ'' (ਆਇਤ 28)। ਕਿਸੇ ਨੇ ਲਿਖਿਆ ਹੈ, ''ਤੁਸੀਂ ਹੇ ਸੰਤੋ, ਉਸ ਤੋਂ ਡਰੋ, ਤਾਂ ਤੁਹਾਨੂੰ ਕਿਸੇ ਹੋਰ ਤੋਂ ਡਰਨ ਦੀ ਲੋੜ ਨਹੀਂ ਹੋਵੇਗੀ।'' ਜੌਨ ਨੌਕਸ ਦੀ ਦੇਹ ਨੂੰ ਦਫ਼ਨਾਉਣ ਵੇਲੇ ਕਿਹਾ ਗਿਆ, ''ਇੱਥੇ ਉਹ ਆਦਮੀ ਹੈ ਜੋ ਖ਼ੁਦਾ ਤੋਂ ਐਨਾ ਡਰਦਾ ਸੀ ਕਿ ਉਹਨੂੰ ਕਦੇ ਕਿਸੇ ਮਨੁੱਖ ਦਾ ਸਾਹਮਣਾ ਕਰਨ ਤੋਂ ਡਰ ਨਹੀਂ ਆਇਆ।''[16]

ਨਾ ਡਰੋ, ਕਿਉਂਕਿ ਸਰਵ-ਸ਼ਕਤੀਮਾਨ ਖ਼ੁਦਾ ਤੁਹਾਡੇ ਵੱਲ ਹੈ!

> ''ਭਲਾ, ਇਕ ਪੈਸੇ ਨੂੰ ਦੋ ਚਿੜੀਆਂ ਨਹੀਂ ਵਿੱਕਦੀਆਂ? [17] ਅਤੇ ਉਨ੍ਹਾਂ ਵਿੱਚੋਂ ਇਕ ਵੀ ਤੁਹਾਡੇ ਪਿਤਾ ਦੀ ਮਰਜੀ ਬਿਨਾਂ ਧਰਤੀ ਉੱਤੇ ਨਹੀਂ ਡਿੱਗਦੀ। ਪਰ ਤੁਹਾਡੇ ਸਿਰ ਦੇ ਵਾਲ ਵੀ ਸਭ ਗਿਣੇ ਹੋਏ ਹਨ'' (ਆਇਤਾਂ 29-31)।

## ਸਾਰ

ਜਿਹੜੀ ਚੁਣੌਤੀ ਯਿਸੂ ਨੇ ਆਪਣੇ ਰਸੂਲਾਂ ਦੀ ਦਿੱਤੀ- ਅਤੇ ਜਿਹੜੀ ਚੁਣੌਤੀ ਸਾਨੂੰ ਦਿੱਤੀ- ਉਸ ਨੂੰ ਆਇਤ 39 ਵਿਚ ਸੰਖੇਪ ਕੀਤਾ ਗਿਆ ਹੈ: ''ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ ਅਤੇ ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ।'' ਪਹਿਲੀ ਸਦੀ ਦੇ ਲੇਖਕ ਸਾਨੂੰ ਦੱਸਦੇ ਹਨ ਕਿ ਪਹਿਲੇ ਸ਼ਹੀਦਾਂ ਨੇ ਆਪਣੇ ਬੁੱਲ੍ਹਾਂ ਤੇ ਇਸ ਆਇਤ ਨਾਲ ਕਿ ''ਜੋ ਮੇਰੇ ਲਈ ਆਪਣੀ ਜਾਨ ਗੁਆਏਗਾ ਉਹ ਉਸ ਨੂੰ ਲੱਭ ਲਵੇਗਾ'' ਅੱਗ ਦੀਆਂ ਲਾਟਾਂ ਜਾਂ ਜੰਗਲੀ ਜਾਨਵਰਾਂ ਦਾ ਸਾਹਮਣਾ ਕੀਤਾ ਸੀ:

ਮੱਤੀ 10:39 ਸਿਰਫ਼ ਸਹੀਦਾਂ ਲਈ ਹੀ ਨਹੀਂ ਹਨ। ਇਹ ਸਾਡੇ ਸਭ ਲਈ ਹੈ। ਨਵੇਂ ਨੇਮ ਵਿਚ ਪ੍ਰਭੂ ਦੀਆਂ ਬਾਰ ਬਾਰ ਕਹੀਆਂ ਗੱਲਾਂ ਲਿਖੀਆ ਗਈਆਂ ਹਨ। ਇਹ ਗੱਲ ਇੰਜੀਲ ਦੇ ਵਿਰਤਾਂਤਾਂ ਵਿਚ ਛੇ ਵਾਰ ਮਿਲਦੀ ਹੈ (ਬਾਕੀ ਪੰਜ ਵਾਰ ਮੱਤੀ 16:25; ਮਰਕੁਸ 8:35; ਲੂਕਾ 9:24; 17:33; ਯੂਹੰਨਾ 12:25 ਵਿਚ ਹੈ।) ਯਿਸੂ ਨੇ ਸਾਨੂੰ ਉਸ ਦੀ ਸੇਵਾ ਵਿਚ ਆਪੀ ਜਾਨ ਗੁਆ ਦੇਣ ਦੀ ਅਹਿਮੀਅਤ ਸਮਝਾਉਣਾ ਚਾਹੁੰਦਾ ਸੀ ਕਿ''ਜਿਸ ਕਿਸੇ ਨੇ ਅਪਾਣੀ ਜਾਨ ਲੱਭ ਲਈ ਉਹ ਉਸ ਗੁਆਾਵੇਗਾ ਅਤੇ ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਸ ਉਸ ਨੂੰ ਲੱਭ ਲਵੇਗਾ।''

ਜੇ ਤੁਸੀਂ ਉਸ ਦੀ ਬੁਲਾਹਟ ਅਤੇ ਉਸ ਦੇ ਕਮ ਨੂੰ ਨਜ਼ਰਅੰਦਾਜ਼ ਕਰ ਰਹੇ ਹੋ ਅਤੇ ਸੁਆਰਥੀ ਹੋ ਕੇ ਸਿਰਫ਼ ਆਪਣੇ ਲਈ ਜੀ ਰਹੇ ਹਨ, ਤਾਂ ਤੁਸੀਂ ਇਸ ਨੂੰ ਗੁਆ ਦਿਓਗੇ। ਤੁਸੀਂ ਆਪਣੀ ਜ਼ਿੰਦਗੀ ਦਾ ਕੀ ਕਰੋਗੇ? ਫ਼ੈਸਲਾ ਲੈਣ ਦਾ ਦਿਨ ਅੱਜ ਹੀ ਹੈ।[18]

---

ਟਿੱਪਣੀਆਂ

[1]*ਮਸੀਹ ਦੀ ਜ਼ਿੰਦਗੀ, 1* ਵਿਚ ''ਇੰਜੀਲ ਦੇ ਚਾਰ ਵਿਰਤਾਂਤ'' ਅਤੇ ''ਮੱਤੀ ਦੀ ਇੰਜੀਲ'' ਵੇਖੋ। [2]ਰਸੂਲਾਂ ਦੀ ਚੋਣ ਬਾਰੇ ਅਸੀਂ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਤੁਫ਼ਾਨ ਨੂੰ ਥੰਮ੍ਹਣਾ'' ਪਾਠ ਵਿਚ ਅਧਿਐਨ ਕੀਤਾ ਸੀ। [3]ਅਫ਼ਸੀਆਂ 6:20 ਵਿਚ ਪੌਲੁਸ ਨੇ ਆਪਣੇ ਆਪ ਨੂੰ ''ਸੰਗਲਾਂ ਨਾਲ ਜਕੜਿਆ ਹੋਇਆ ਏਲਚੀ'' ਕਿਹਾ। ''ਰਾਜਦੂਤ'' ਸ਼ਬਦ ''ਬੁੱਢਾ'' ਜਾਂ ''ਬਜ਼ੁਰਗ'' ਲਈ ਸ਼ਬਦ ਦੇ ਰੂਪ ਤੋਂ ਲਿਆ ਗਿਆ ਹੈ। ਉਸ ਸਮੇਂ ਦੇ ਦੁਨਿਆਵੀ ਰਾਜਦੂਤ ਆਮ ਤੌਰ ਤੇ ਬੁੱਢੇ ਲੋਕ ਹੀ ਹੁੰਦੇ ਹਨ। ਬਹੁਤ ਸਾਰੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਫ਼ਿਲੇਮੋਨ 9 ਵਿਚ ''ਬੁੱਢੇ'' ਸ਼ਬਦ ਦਾ ਅਨੁਵਾਦ ''ਰਾਜਦੂਤ'' ਹੋਣਾ ਚਾਹੀਦਾ ਹੈ। ਜੇ ਪੌਲੁਸ ''ਰਾਜਦੂਤ'' ਸੀ, ਤਾਂ ਦੂਜੇ ਰਸੂਲ ਵੀ ਰਾਜਦੂਤ ਹੀ ਸਨ। ਮੱਤੀ 10 ਵਿਚ ਗੱਲ ਤੇ ਜੋਰ ਦਿੰਦਾ ਹੈ ਕਿ ਰਸੂਲ ਯਿਸੂ ਦੇ ਨੁਮਾਇੰਦੇ ਸਨ। ਰਾਜਦੂਤ ਦਾ ਮੁੱਖ ਕੰਮ ਆਪਣੇ ਭੇਜਣ ਵਾਲੇ ਦੀ ਨੁਮਾਇੰਦਗੀ ਕਰਨਾ

ਹੁੰਦਾ ਹੈ। [4]ਰਸੂਲਾਂ ਤੇ ਇਹ ਜਾਣਕਾਰੀ ਅਧਿਐਨ ਦੀ ਇਸ ਲੜੀ ਵਿਚ ਪਹਿਲਾ ਹੀ ਦਿੱਤੀ ਜਾ ਚੁਕੀ ਹੈ, ਇਸ ਲਈ ਇਸ ਨੂੰ ਦੁਹਰਾਉਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। [5]ਜ਼ੇਲੋਤੇਸੀਆਂ ਦਾ ਜ਼ਿਕਰ *ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ''ਸੰਸਾਰ ਜਿਸ ਵਿਚ ਮਸੀਹ ਆਇਆ'' ਨਾਮਕ ਪਾਠ ਵਿਚ ਹੈ ਜਿਸ ਵਿਚ ਯਿਸੂ ਦੇ ਸਮੇਂ ਪਾਏ ਜਾਣ ਵਾਲੇ ''ਹੋਰ ਫ਼ਿਰਕਿਆਂ'' ਦੇ ਨਾਂਅ ਦਿੱਤੇ ਗਏ ਹਨ। [6]ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਆਨ ਮੈਥਿਊ* (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਪਬਲਿਸ਼ਿੰਗ ਹਾਊਸ, 1968), 137. [7]ਯੂਹੰਨਾ 13:20 ਵੀ ਵੇਖੋ। ਕੁਝ ਲੋਕ ਇਹ ਸਿੱਖਿਆ ਦਿੰਦੇ ਹਨ ਕਿ ਜੋ ਕੁਝ ਯਿਸੂ ਨੇ ਨਵੇਂ ਨੇਮ ਵਿਚ ਕਿਹਾ, ਉਸ ਦੀ ਅਹਿਮੀਅਤ ਰਸੂਲਾਂ ਰਾਹੀਂ ਲਿਖੀ ਜਾਂ ਬੋਲੀ ਗਈ ਗੱਲ ਨਾਲੋਂ ਬਹੁਤੀ ਹੈ। ਮੱਤੀ 10:42 ਅਤੇ ਯੂਹੰਨਾ 13:20 ਸੁਝਾਅ ਦਿੰਦੇ ਹਨ ਕਿ ਅਸੀਂ ਰਸੂਲਾਂ ਦੀ ਸਿੱਖਿਆ ਨੂੰ ਯਿਸੂ ਦੀ ਸਿੱਖਿਆ ਦੇ ਰੂਪ ਵਿਚ ਹੀ ਮੰਨੀਏ। ਜੇ ਅਸੀਂ ਰਸੂਲਾਂ ਨੂੰ ਕਬੂਲ ਕਰਦੇ ਹਾਂ, ਤਾਂ ਅਸੀਂ ਮਸੀਹ ਨੂੰ ਕਬੂਲ ਕਰ ਰਹੇ ਹਾਂ। ਦੂਜੇ ਪਾਸੇ ਜੇ ਅਸੀਂ ਉਨ੍ਹਾਂ ਨੂੰ (ਅਤੇ ਉਨ੍ਹਾਂ ਦੀ ਸਿੱਖਆ ਨੂੰ) ਠਕਰਾਉਂਦੇ ਹਾਂ ਤਾਂ ਅਸੀਂ ਮਸੀਹ ਨੂੰ ਠੁਕਰਾ ਰਹੇ ਹਾਂ। [8]ਵਿਲੀਅਮ ਬਾਰਕਲੇ, *ਗੌਸਪਲ ਆਫ਼ ਮੈਥਯੁ*, ਜਿਲਦ 1, ਦ ਡੇਅਲੀ ਬਾਈਬਲ ਸਟੱਡੀ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1975), 361. [9]ਉਹੀ, 392. [10] ਯੂ. ਐਸ. ਸੀਕਰਟ ਸਰਵਿਸ ਅਮਰੀਕਾ ਦੇ ਖਜ਼ਾਨੇ ਦੇ ਗੁਪਤ ਸੇਵਾ ਵਿਭਾਗ ਦੀ ਇਕ ਏਜੰਸੀ ਹੈ। ਹੋਰ ਕੰਮਾਂ ਦੇ ਇਲਾਵਾ, ਇਸ ਸੇਵਾ ਦਾ ਕੰਮ ਰਾਸ਼ਟਰਪਤੀ ਅਤੇ ਉਸ ਦੇ ਪਰਿਵਾਰ ਦੀ ਹਿਫ਼ਾਜ਼ਤ ਕਰਨਾ ਹੈ।

[11]ਮੱਤੀ 10:37 ਅਤੇ ਇਸ ਦੇ ਅਰਥ ਤੇ ਸੰਖੇਪ ਵਿਚ ਚਰਚਾ ਲਈ, *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਸਾਡੇ ਦੋ ਪਰਿਵਾਰ'' ਵੇਖੋ। [12]ਅਮਰੀਕਾ ਵਿਚ, ਜਿੱਥੇ ਲੋਕਾਂ ਤੇ ਸਰਕਾਰ ਰਾਹੀਂ ਜ਼ੁਲਮ ਨਹੀਂ ਹੁੰਦਾ, ਮੈਂ ਇਸ ਨੂੰ ਆਮ ਸਮਾਜ ਵੱਲੋਂ ਕੀਤੇ ਜਾਣ ਵਾਲੇ ਸਤਾਅ ਲਈ ਲਾਗੂ ਕਰਾਂਗਾ। [13]34 ਤੋਂ 36 ਆਇਤਾਂ ਤੇ ਸੰਖੇਪ ਚਰਚਾ ਲਈ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਸਾਡੇ ਦੋ ਪਰਿਵਰ'' ਪਾਠ ਵੇਖੋ। [14]ਵੇਖੋ ਰੋਮੀਆਂ 8:14–17; ਫ਼ਿਲਿੱਪੀਆਂ 1:27–30; 1 ਪਤਰਸ 2:18–21; 5:8, 9; 2 ਤਿਮੋਥਿਉਸ 3:10–12. [15]ਕਲੇਬਰਨ ਟੈਕਸਸ ਵਿਚ ਦ ਨੌਰਥ ਐਂਗਲਿਨ ਸੇਂਟ ਚਰਚ ਆਫ਼ ਕ੍ਰਾਈਸਟ ਦੀ ਛੱਤ ਇਕ ਤਰ੍ਹਾਂ ਨਾਲ ਹੇਠੋਂ ਚੌਰਸ ਸੀ। ਉਹ ਉਸ ਛੱਤ ਦੀ ਵਰਤੋਂ ਪ੍ਰਚਾਰਕ ਲਈ ਇੰਜੀਲ ਸੁਣਨ ਵਾਲਿਆਂ ਲਈ ਪਾਰਕਿੰਗ ਵਿਚ ਕੁਰਸੀਆਂ ਲਾ ਕੇ ਕਰਦੇ ਸਨ। [16]ਬਾਰਕਲੇ, 386. [17]ਯੂਨਾਨੀ ਸ਼ਬਦ ਦਾ ਅਨੁਵਾਦ ''ਪੈਸਾ'' ਤਾਂਬੇ ਦੇ ਸਭ ਤੋਂ ਛੋਟੇ ਰੋਮੀ ਸਿੱਕੇ ਲਈ ਕੀਤਾ ਗਿਆ ਸੀ। ਇਹ ਦੀਨਾਰ ਦਾ (ਜੋ ਇਕ ਦਿਨ ਦੀ ਮਜਦੂਰੀ ਸੀ) ਲਗਭਗ ਪੰਦਰਵਾਂ ਭਾਗ ਹੋਵੇਗਾ। [18]ਇਸ ਸਰਮਨ ਦੀ ਵਰਤੋਂ ਕਰਦਿਆਂ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਸੁਣਨ ਵਾਲਿਆਂ ਨੂੰ ਪ੍ਰਭੂ ਕੋਲ ਆਉਣ (ਮਰਕੁਸ 16:15, 16; ਰਸੂਲਾਂ ਦੇ ਕੰਮ 2:37, 38) ਅਤੇ ਜੋ ਉਹ ਭਟਕ ਗਏ ਹਨ ਤਾਂ ਪ੍ਰਭੂ ਦੇ ਕੋਲ ਵਾਪਸ ਆਉਣ ਦਾ ਢੰਗ ਦੱਸੋ (ਰਸੂਲਾਂ ਦੇ ਕੰਮ 8:22; ਯਾਕੂਬ 5:16)।